ਨਿਊਜ਼ ਰਿਲੀਜ਼

# ਅਪੰਗਤਾਵਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨਾ

12 ਸਤੰਬਰ, 2023ਮੀਡੀਆ ਪੁੱਛਗਿੱਛ

## ਅਲਬਰਟਾ ਸਰਕਾਰ ਘੱਟ ਹੋਣ ਵਾਲੀਆਂ ਅਪੰਗਤਾਵਾਂ (low incidence) ਵਾਲੇ ਵਿਦਿਆਰਥੀਆਂ ਦੀ ਸਹਾਇਤਾ ਲਈ 2023-24 ਸਕੂਲ ਸਾਲ ਲਈ $5 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ।

ਘੱਟ ਹੋਣ ਵਾਲੀਆਂ ਅਪੰਗਤਾਵਾਂ ਅਲਬਰਟਾ ਦੇ ਲਗਭਗ 7,500 ਵਿਦਿਆਰਥੀਆਂ, ਜਾਂ ਕੁੱਲ ਵਿਦਿਆਰਥੀ ਆਬਾਦੀ ਦੇ ਲਗਭਗ ਇੱਕ ਪ੍ਰਤੀਸ਼ਤ ਨੂੰ ਪ੍ਰਭਾਵਿਤ ਕਰਦੀਆਂ ਹਨ, ਅਤੇ ਉਹਨਾਂ ਵਿੱਚ ਉਹ ਵਿਦਿਆਰਥੀ ਸ਼ਾਮਲ ਹੁੰਦੇ ਹਨ ਜੋ ਦ੍ਰਿਸ਼ਟੀਹੀਨ ਜਾਂ ਦ੍ਰਿਸ਼ਟੀ ਸੰਬੰਧੀ ਵਿਕਾਰਾਂ ਵਾਲੇ, ਬੋਲੇ ਜਾਂ ਸੁਣਨ ਵਿੱਚ ਮੁਸ਼ਕਲ ਵਾਲੇ, ਬੋਲੇ-ਅੰਨ੍ਹੇ, ਜਾਂ ਗੁੰਝਲਦਾਰ ਸੰਚਾਰ ਲੋੜਾਂ ਵਾਲੇ ਹਨ।

ਲੋਅ ਇਨਸੀਡੈਂਸ ਸਪੋਰਟਸ ਐਂਡ ਸਰਵਿਸਿਜ਼ (LISS) ਫੰਡਿੰਗ ਸਕੂਲ ਅਧਿਕਾਰੀਆਂ ਨੂੰ ਵਿਸ਼ੇਸ਼ ਪੇਸ਼ੇਵਰਾਂ ਨੂੰ ਨਿਯੁਕਤ ਕਰਨ ਅਤੇ ਸਿਖਲਾਈ ਦੇਣ ਅਤੇ ਸਾਜ਼ੋ-ਸਾਮਾਨ ਅਤੇ ਵਿਦਿਅਕ ਸਾਧਨ ਪ੍ਰਦਾਨ ਕਰਨ ਦੀ ਇਜਾਜ਼ਤ ਦਿੰਦੀ ਹੈ, ਜਿਸ ਨਾਲ ਉਸ ਵਿਸ਼ੇਸ਼ ਤਕਨਾਲੋਜੀ ਅਤੇ ਸੇਵਾਵਾਂ ਦੀ ਉੱਚ ਲਾਗਤ ਦੀ ਭਰਪਾਈ ਹੁੰਦੀ ਹੈ ਜਿਸ ਦੀ ਲੋੜ ਕੁਝ ਵਿਦਿਆਰਥੀਆਂ ਨੂੰ ਆਪਣੀ ਸਿੱਖਿਆ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰਨ ਲਈ ਹੈ।

“ਇਸ ਫੰਡਿੰਗ ਨਾਲ, ਸਕੂਲ ਘੱਟ ਹੋਣ ਵਾਲੀਆਂ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਦੀ ਮਦਦ ਕਰਨ ਲਈ ਹੋਰ ਮਾਹਿਰਾਂ ਨੂੰ ਨਿਯੁਕਤ ਕਰਨ ਦੇ ਯੋਗ ਹੋਣਗੇ। ਅਲਬਰਟਾ ਦੀ ਸੰਯੁਕਤ ਕੰਜ਼ਰਵੇਟਿਵ ਸਰਕਾਰ ਸਾਡੇ ਕਮਜ਼ੋਰ ਵਿਦਿਆਰਥੀਆਂ ਦੀ ਸੁਰੱਖਿਆ ਕਰਨ  ਅਤੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦੀ ਹੈ। ਇਸ ਫੰਡਿੰਗ ਦੇ ਨਤੀਜੇ ਵਜੋਂ, ਸਕੂਲ ਉਹਨਾਂ ਲੋਕਾਂ ਦੀ ਮਦਦ ਕਰਨ ਲਈ ਲੋੜੀਂਦੀਆਂ ਸੇਵਾਵਾਂ ਅਤੇ ਸਾਜ਼ੋ-ਸਾਮਾਨ ਦੀ ਲਾਗਤ ਨੂੰ ਪੂਰਾ ਕਰਨ ਦੇ ਯੋਗ ਹੋਣਗੇ ਜੋ ਦ੍ਰਿਸ਼ਟੀਹੀਨ ਜਾਂ ਦ੍ਰਿਸ਼ਟੀ ਸੰਬੰਧੀ ਵਿਕਾਰਾਂ ਵਾਲੇ, ਬੋਲੇ, ਬੋਲੇ-ਅੰਨ੍ਹੇ, ਜਾਂ ਗੁੰਝਲਦਾਰ ਸੰਚਾਰ ਲੋੜਾਂ ਵਾਲੇ ਹਨ।”

*ਡਿਮੇਟ੍ਰੀਓਸ ਨਿਕੋਲਾਈਡਸ, ਐਜੂਕੇਸ਼ਨ ਮੰਤਰੀ*

ਅਲਬਰਟਾ ਵਿਦਿਆਰਥੀ ਬਾਡੀ ਦੀਆਂ ਵਿਭਿੰਨ ਲੋੜਾਂ ਨੂੰ ਪਛਾਣਦੇ ਹੋਏ, ਅਤੇ ਇਹ ਯਕੀਨੀ ਬਣਾਉਣ ਲਈ ਕਿ ਫੰਡਾਂ ਨੂੰ ਉਥੇ ਨਿਰਦੇਸ਼ਿਤ ਕੀਤਾ ਜਾਵੇ ਜਿੱਥੇ ਉਹਨਾਂ ਦੀ ਸਭ ਤੋਂ ਵੱਧ ਲੋੜ ਹੈ, ਫੰਡਿੰਗ ਸਿੱਧੇ ਪਬਲਿਕ ਅਤੇ ਵੱਖਰੇ ਸਕੂਲ ਬੋਰਡਾਂ, ਪਬਲਿਕ ਚਾਰਟਰ ਸਕੂਲਾਂ, ਅਤੇ ਫ੍ਰੈਂਕੋਫੋਨ ਖੇਤਰੀ ਅਥਾਰਟੀਆਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ ਜੋ ਵਾਧੂ ਸਹਾਇਤਾ ਦੀ ਲੋੜ ਦੀ ਪਛਾਣ ਕਰਦੇ ਹਨ। ਹਰੇਕ ਸਕੂਲ ਅਥਾਰਟੀ ਲਈ ਫੰਡਿੰਗ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਦਿਹਾਤੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਲਈ ਉਚਿਤ ਫੰਡਿੰਗ ਨੂੰ ਯਕੀਨੀ ਬਣਾਉਣ ਲਈ  ਸਕੂਲ ਅਥਾਰਟੀ ਦੇ ਸਥਾਨਾਂ 'ਤੇ ਨਿਰਭਰ ਕਰੇਗੀ।

# ਮੁੱਖ ਤੱਥ

- *ਸਿੱਖਿਆ ਐਕਟ* ਦੇ ਤਹਿਤ ਸਕੂਲ ਅਥਾਰਟੀਆਂ ਨੂੰ ਘੱਟ ਹੋਣ ਵਾਲੀਆਂ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਦੀ ਪਛਾਣ ਕਰਨ ਅਤੇ ਉਹਨਾਂ ਦੀ ਸਿੱਖਿਆ ਲਈ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ।
- LISS ਫੰਡਿੰਗ ਸਾਰੀਆਂ ਸਕੂਲ ਅਥਾਰਟੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਸਾਲਾਨਾ ਵਿਸ਼ੇਸ਼ ਸਿਖਲਾਈ ਸਹਾਇਤਾ ਗ੍ਰਾਂਟ, ਜੋ ਉਹਨਾਂ ਦੇ ਸਕੂਲਾਂ ਵਿੱਚ ਬੱਚਿਆਂ ਦੀਆਂ ਵਿਭਿੰਨ ਸਿੱਖਣ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ, ਤੋਂ ਇਲਾਵਾ ਆਉਂਦੀ ਹੈ।
- ਯੋਗ ਖਰਚਿਆਂ ਦੇ ਉਦਾਹਰਨ:
    - ਵਿਦਿਆਰਥੀ ਦੀ ਸਕੂਲ-ਅਧਾਰਤ ਸਿਖਲਾਈ ਟੀਮ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ, ਜਿਸ ਵਿੱਚ ਇਹ ਸ਼ਾਮਲ ਹੋ ਸਕਦੀਆਂ ਹਨ:
        - ਬੋਲੇ ਅਤੇ ਸੁਣਨ ਵਿੱਚ ਮੁਸ਼ਕਲ ਵਾਲੇ ਵਿਦਿਆਰਥੀਆਂ ਦੇ ਅਧਿਆਪਕ
        - ਦ੍ਰਿਸ਼ਟੀਹੀਨਾਂ ਜਾਂ ਦ੍ਰਿਸ਼ਟੀ ਸੰਬੰਧੀ ਵਿਕਾਰਾਂ ਵਾਲੇ ਵਿਦਿਆਰਥੀਆਂ ਦੇ ਅਧਿਆਪਕ
        - ਐਜੁਕੇਸ਼ਨਲ ਆਡੀਓਲੋਜਿਸਟ
        - ਸੰਕੇਤਕ ਭਾਸ਼ਾ ਅਨੁਵਾਦਕ
        - ਓਰੀਏਨਟੇਸ਼ਨ ਅਤੇ ਗਤੀਸ਼ੀਲਤਾ ਮਾਹਰ
        - ਬ੍ਰੇਲ ਸਹਾਇਕ
        - ਔਕੂਪੇਸ਼ਨਲ ਥੈਰੇਪਿਸਟ
        - ਵਧਾਉਣ ਵਾਲੇ (augmentative) ਅਤੇ ਵਿਕਲਪਕ ਸੰਚਾਰ ਸਪੈਸ਼ਲਿਸਟ
        - ਸਪੀਚ ਲੈਂਗੁਏਜ ਪੈਥੌਲੇਜਿਸਟ
        - ਮਨੋਵਿਗਿਆਨੀ
    - ਵਿਦਿਆਰਥੀ-ਵਿਸ਼ੇਸ਼ ਵਿਦਿਅਕ ਪਹੁੰਚ ਲੋੜਾਂ ਨੂੰ ਪੂਰਾ ਕਰਨ ਲਈ ਸਹਾਇਕ ਤਕਨਾਲੋਜੀ, ਸਾਧਨ, ਸਮੱਗਰੀ ਅਤੇ ਵਾਤਾਵਰਣ ਸੰਬੰਧੀ ਸੋਧਾਂ।

    - ਪੇਸ਼ੇਵਰ ਵਿਕਾਸ, ਸਿਖਲਾਈ, ਵਰਕਸ਼ਾਪਾਂ, ਅਤੇ ਕਾਨਫਰੰਸਾਂ ਜੋ ਉਨ੍ਹਾਂ ਵਿਸ਼ੇਸ਼ ਕਰਮਚਾਰੀਆਂ ਲਈ ਸਿਖਲਾਈ ਦੀਆਂ ਲੋੜਾਂ ਨਾਲ ਮੇਲ ਖਾਂਦੀਆਂ ਹਨ ਜੋ ਸਿੱਖਣ ਵਿੱਚ ਘੱਟ ਹੋਣ ਵਾਲੀਆਂ ਅਪੰਗਤਾਵਾਂ ਵਾਲੇ ਵਿਦਿਆਰਥੀਆਂ ਦੀ ਸਿੱਧੇ ਤੌਰ 'ਤੇ ਸਹਾਇਤਾ ਕਰਦੇ ਹਨ।

## ਸੰਬੰਧਿਤ ਖਬਰਾਂ

- ਅਪੰਗਤਾਵਾਂ ਵਾਲੇ ਵਿਦਿਆਰਥੀਆਂ ਲਈ ਹੋਰ ਫੰਡਿੰਗ (1 ਫਰਵਰੀ, 2023)